## ਡਾਇਰੈਕਟੋਰੇਟ

## ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,

## ਐਸ.ਸੀ.ਐਫ. ਨੰ: 7, ਫੇਜ-1, ਐਸ.ਏ.ਐਸ. ਨਗਰ।

ਸੇਵਾ ਵਿਖੇ,

1. ਡਾਇਰੈਕਟਰ, ਤਕਨੀਕੀ ਸਿੱਖਿਆ ਵਿਭਾਗ, (ਪੋਲੀ:ਵਿੰਗ) ਪੰਜਾਬ।
2. ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਐਸ.ਏ.ਐਸ. ਨਗਰ।
3. ਡਾਇਰੈਕਟਰ, ਸਕੂਲ ਸਿੱਖਿਆ ਵਿਭਾਗ, ਪੰਜਾਬ, ਐਸ.ਏ.ਐਸ. ਨਗਰ।
4. ਡਾਇਰੈਕਟਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ, ਐਸ.ਏ.ਐਸ. ਨਗਰ।
5. ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ, ਐਸ.ਏ.ਐਸ. ਨਗਰ।
6. ਡਾਇਰੈਕਟਰ, ਤਕਨੀਕੀ ਸਿੱਖਿਆ ਵਿਭਾਗ, (ਆਈ.ਟੀ.ਆਈ.ਵਿੰਗ) ਪੰਜਾਬ।
7. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਐਸ.ਏ.ਐਸ. ਨਗਰ।

ਪੱਤਰ ਨੰ. ਸ-17/ 2370-2376

ਮਿਤੀ, ਐਸ.ਏ.ਐਸ.ਨਗਰ/ 20-2-2025

ਵਿਸ਼ਾ:- ਪੋਸਟ ਮੈਟ੍ਰਿਕ ਸਕਾਰਲਸ਼ਿਪ ਫਾਰ ਓ.ਬੀ.ਸੀ, ਈ.ਬੀ.ਸੀ. ਅਤੇ ਡੀ.ਐਨ.ਟੀ. ਸਟੂਡੈਂਟਸ (Under Prime Minister's Young Achievers Scholarship Award Scheme for Vibrant India) ਤਹਿਤ ਸਕਾਲਰਸ਼ਿਪ ਮੁਹੱਈਆ ਕਰਵਾਉਣ ਲਈ ਵਿਦਿਆਰਥੀਆਂ ਤੋਂ ਅੰਡਰਟੇਕਿੰਗ ਲੈਣ ਲਈ ਨਮੂਨਾ ਅੰਡਰਟੇਕਿੰਗ ਭੇਜਣ ਬਾਰੇ।

ਪੋਸਟ ਮੈਟ੍ਰਿਕ ਸਕਾਰਲਸ਼ਿਪ ਫਾਰ ਓ.ਬੀ.ਸੀ, ਈ.ਬੀ.ਸੀ. ਅਤੇ ਡੀ.ਐਨ.ਟੀ. ਸਟੂਡੈਂਟਸ (Under Prime Minister's Young Achievers Scholarship Award Scheme for Vibrant India) ਤਹਿਤ ਵਿਦਿਆਰਥੀਆਂ ਤੋਂ ਐਪਲੀਕੇਸ਼ਨਾਂ ਪ੍ਰਾਪਤ ਕਰਨ ਲਈ ਮਿਤੀ 03-01-2025 ਤੋਂ ਡਾ. ਅੰਬੇਦਕਰ ਪੋਰਟਲ ਖੋਲਿਆ ਗਿਆ ਹੈ। ਵਿਸ਼ਾ ਅੰਕਿਤ ਸਕੀਮ ਅਨੁਸਾਰ ਵਿਦਿਆਰਥੀਆਂ ਨੂੰ ਨਿਸ਼ਚਿਤ ਫੀਸ ਅਤੇ ਅਕੈਂਡਮਿਕ ਅਲਾਉਂਸ ਮੁਹੱਈਆਂ ਕਰਵਾਇਆ ਜਾਣਾ ਹੈ। ਇਸ ਲਈ ਸਬੰਧਤ ਯੋਗ ਵਿਦਿਆਰਥੀਆਂ ਤੋਂ ਸਕਾਲਰਸ਼ਿਪ ਮੁਹੱਈਆ ਕਰਵਾਉਣ ਲਈ ਅੰਡਰਟੇਕਿੰਗ ਲੈਣ ਲਈ ਨਮੂਨਾ ਅੰਡਰਟੇਕਿੰਗ ਤਿਆਰ ਕੀਤਾ ਗਿਆ ਹੈ। ਜੋ ਕਿ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ:- ਅੰਡਰਟੇਕਿੰਗ ਨਮੂਨਾ

20/2/25

ਨੋਡਲ ਅਫਸਰ(ਸਕੀਮ)

ਮੁੱਖ ਦਫਤਰ, ਐਸ.ਏ.ਐਸ.ਨਗਰ।

## ਵਿਦਿਆਰਥੀ ਵੱਲੋਂ ਦਿੱਤੀ ਜਾਣ ਵਾਲੀ ਅੰਡਰਟੇਕਿੰਗ

(ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਓ.ਬੀ.ਸੀ./ਈ.ਬੀ.ਸੀ./ਡੀ.ਐੱਨ.ਟੀ. ਸਟੂਡੈਂਟਸ PM-YASASAVI)

ਵਿਦਿਆਰਥੀ ਦੀ ਫੋਟੋ

1. ਮੈਂ..................................ਪੁੱਤਰ/ਪੁੱਤਰੀ..................................ਤਹਿਸੀਲ..................................
ਜਿਲ੍ਹਾ.................................. ਦਾ/ਦੀ ਪੱਕਾ ਨਿਵਾਸੀ ਹਾਂ।
2. ਇਹ ਕਿ ਮੈਂ ਪੰਜਾਬ ਸਰਕਾਰ ਵੱਲੋਂ ਜਾਰੀ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿੱਚ ਦਰਸਾਈ ਜਾਤੀ .................. ਨਾਲ ਸਬੰਧ ਰੱਖਦਾ/ਰੱਖਦੀ ਹਾਂ ਅਤੇ ਮੈਨੂੰ ਪੱਛੜੀਆਂ ਸ਼੍ਰੇਣੀਆਂ ਅਤੇ ਈ.ਬੀ.ਸੀ ਦਾ ਸਰਟੀਫਿਕੇਟ ਯੋਗ ਅਥਾਰਟੀ ਵੱਲੋਂ ਜਾਰੀ ਕੀਤਾ ਗਿਆ, ਜਿਸ ਦੀ ਕਾਪੀ ਪੋਰਟਲ ਤੇ ਅਪਲੋਡ ਕੀਤੀ ਗਈ ਹੈ। ਮੇਰੇ ਪਰਿਵਾਰ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ।
3. ਇਹ ਕਿ ਮੈਂ ਭਾਰਤ ਸਰਕਾਰ ਵੱਲੋਂ ਮਿਤੀ 05-05-2022 ਨੂੰ ਜਾਰੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ./ਈ.ਬੀ.ਸੀ./ਡੀ.ਐੱਨ.ਟੀ. ਸਕੀਮ ਦੀਆਂ ਹਦਾਇਤਾਂ ਅਤੇ ਰਾਜ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵਾਂਗਾ/ਹੋਵਾਂਗੀ।
4. ਇਹ ਕਿ ਮੈਂ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਵੱਲੋਂ ਮਿਤੀ 05-05-2022 ਨੂੰ ਜਾਰੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ./ਈ.ਬੀ.ਸੀ./ਡੀ.ਐੱਨ.ਟੀ. ਸਕੀਮ ਅਧੀਨ ਜਾਰੀ ਹਦਾਇਤਾਂ ਪੜ੍ਹ ਲਈਆਂ ਹਨ, ਜਿਨ੍ਹਾਂ ਦੀ ਮੈਂ ਪਾਲਣਾ ਕਰਾਂਗਾ/ਕਰਾਂਗੀ।
5. ਇਹ ਕਿ ਮੈਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ./ਈ.ਬੀ.ਸੀ./ਡੀ.ਐੱਨ.ਟੀ. ਸਕੀਮ (ਕੇਵਲ ਇੱਕ ਸਕੀਮ) ਤੋਂ ਇਲਾਵਾ ਭਾਰਤ ਸਰਕਾਰ ਜਾਂ ਰਾਜ ਸਰਕਾਰ ਵੱਲੋਂ ਲਾਗੂ ਕਿਸੇ ਹੋਰ ਵਜ਼ੀਫਾ ਸਕੀਮਾਂ ਦਾ ਲਾਭ ਨਹੀਂ ਲਵਾਂਗਾ/ਲਵਾਂਗੀ।
6. ਮੈਂ ਇਹ ਬਿਆਨ ਕਰਦਾ ਹਾਂ ਕਿ ਇਸ ਸੰਸਥਾ ਤੋਂ ਇਲਾਵਾ ਕਿਸੇ ਹੋਰ ਸੰਸਥਾ ਵਿੱਚ ਦਾਖਲਾ ਨਹੀਂ ਲਿਆ ਹੈ।
7. ਮੈਂ ਪਹਿਲਾਂ ਕਿਤੇ ਹੋਰ ਕੋਰਸ ਦੇ ਬਰਾਬਰ (Parallel Course) ਵਿੱਚ ਦਾਖਲਾ ਨਹੀਂ ਲਿਆ।
8. ਇਹ ਕਿ ਮੈਂ.......................... ਸੰਸਥਾ ਵਿੱਚ .......................... ਕੋਰਸ ਵਿੱਚ ਸਾਲ .......................... ਦੌਰਾਨ ਦਾਖਲਾ ਲਿਆ ਹੈ ਅਤੇ ਇਸ ਸਾਲ ਮੇਰਾ ਦਾਖਲਾ ਨੰਬਰ .......................... ਹੈ।
9. ਇਹ ਕਿ ਮੈਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ./ਈ.ਬੀ.ਸੀ./ਡੀ.ਐੱਨ.ਟੀ. ਸਕੀਮ ਤਹਿਤ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਇਸ ਸਾਲ ਆਪਣਾ Freeship Card ਬਣਵਾ ਲਿਆ ਹੈ ਅਤੇ ਇਸ ਤੋਂ ਬਾਅਦ ਡਾ. ਅੰਬੇਦਕਰ ਪੋਰਟਲ ਤੇ ਸਕਾਲਰਸ਼ਿਪ ਅਪਲਾਈ ਕੀਤਾ ਹੈ ਅਤੇ ਮੇਰਾ ਆਈ.ਡੀ. ਨੰਬਰ .......................... ਹੈ।
11. ਇਹ ਕਿ ਮੈਂ ਦਾਖਲੇ ਸਮੇਂ ਸੰਸਥਾ ਨੂੰ .......................... ਰੁਪਏ ਫੀਸ ਜਮ੍ਹਾਂ ਕਰਵਾ ਦਿੱਤੀ ਹੈ।
12 ਇਹ ਕਿ ਸਕੀਮ ਅਧੀਨ ਪੈਰਾ 7.1 ਅਨੁਸਾਰ ਹੀ ਫੀਸ ਅਤੇ ਮੈਂਟੀਨੈਂਸ ਅਲਾਊਂਸ ਦਾ ਕਲੇਮ ਪ੍ਰਾਪਤ ਕਰਾਂਗਾ ਅਤੇ ਕੋਰਸ ਦੀ ਬਾਕੀ ਫੀਸ ਮੈਂ ਖੁਦ ਦੇਣ ਦਾ ਪਾਬੰਦ ਹੋਵਾਂਗਾ। ਕਿਸੇ ਵੀ ਤਰ੍ਹਾਂ ਦਾ ਕੋਰਟ ਕੇਸ ਨਹੀਂ ਕਰਾਂਗਾ।
13 ਮੈਂ ਇਹ ਬਿਆਨ ਕਰਦਾ/ਕਰਦੀ ਹਾਂ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ./ਈ.ਬੀ.ਸੀ./ਡੀ.ਐੱਨ.ਟੀ. ਸਕੀਮ ਤਹਿਤ ਵਜ਼ੀਫੇ ਦਾ ਲਾਭ ਲੈਂਦਿਆਂ ਹੋਇਆ ਆਪਣਾ ਕੋਰਸ ਪੂਰਾ ਕਰਾਂਗਾ। ਜੇਕਰ ਮੈਂ ਕੋਰਸ ਅਧੂਰਾ ਛੱਡਦਾ ਹਾਂ ਤਾਂ ਓ.ਬੀ.ਸੀ./ਈ.ਬੀ.ਸੀ./ਡੀ.ਐੱਨ.ਟੀ. ਸਕਾਲਰਸ਼ਿਪ ਸਕੀਮ ਤਹਿਤ ਸੰਸਥਾ ਜਾਂ ਮੈਨੂੰ ਜਾਰੀ ਕੀਤੀ ਫੀਸ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ./ਈ.ਬੀ.ਸੀ./ਡੀ.ਐੱਨ.ਟੀ. ਦੇ ਨਿਯਮ 22.4 ਅਨੁਸਾਰ ਵਾਪਸ ਕਰਨ ਲਈ ਪਾਬੰਦ ਹੋਵਾਂਗਾ/ਹੋਵਾਂਗੀ।
14 ਮੇਰੇ ਵੱਲੋਂ ਪੋਰਟਲ ਤੇ ਅਪਲਾਈ ਕਰਨ ਦੌਰਾਨ ਹੇਠ ਲਿਖੇ ਅਨੁਸਾਰ ਬੈਂਕ ਡਿਟੇਲ ਭਰੀ ਗਈ ਹੈ:

ਬੈਂਕ ਦਾ ਨਾਮ..................................ਬਰਾਂਚ..................................

ਬੈਂਕ ਖਾਤਾ ਨੰ.................................. IFSC Code..................................

ਬੈਂਕ ਖਾਤੇ ਸਬੰਧੀ ਦਿੱਤੀ ਡਿਟੇਲ ਅਤੇ ਦਸਤਾਵੇਜ਼ਾਂ ਨੂੰ ਨਿੱਜੀ ਪੱਧਰ ਤੇ ਪੂਰੀ ਤਰ੍ਹਾਂ ਚੈੱਕ ਕਰ ਲਿਆ ਗਿਆ ਹੈ, ਜੋ ਕਿ ਬਿਲਕੁਲ ਸਹੀ ਹੈ।

ਵਿਦਿਆਰਥੀ ਦਾ ਪੂਰਾ ਨਾਮ ..................................

ਹਸਤਾਖਰ ..................................

ਮਿਤੀ ..................................